AEC Australian Electoral Commission

Punjabi/ਪੰਜਾਬੀ

# ਤੁਹਾਡੀ ਅਧਿਕਾਰਤ ਗਾਈਡ

## 2025 ਕੇਂਦਰੀ ਚੋਣਾਂ ਲਈ

**ਸ਼ਨੀਵਾਰ 3 ਮਈ 2025**

**ਵੋਟ ਪਾਉਣਾ ਲਾਜ਼ਮੀ ਹੈ**

18 ਸਾਲ ਅਤੇ ਇਸ ਤੋਂ ਵੱਧ ਉਮਰ
ਦੇ ਆਸਟ੍ਰੇਲੀਆ ਦੇ ਨਾਗਰਿਕਾਂ ਲਈ




## ਤੁਹਾਡੀ ਵੋਟ ਆਸਟ੍ਰੇਲੀਆ ਦੀ ਬਣਤਰ ਵਿੱਚ ਮਦਦ ਕਰੇਗੀ

# ਕਾਰਜਕਾਰੀ ਚੋਣ ਕਮਿਸ਼ਨਰ **ਦਾ ਸੁਨੇਹਾ**

ਇਸ ਗਾਈਡ ਵਿੱਚ ਜਾਣਕਾਰੀ ਦੇ ਸਰੋਤਾਂ ਦੀ ਜਾਂਚ ਕਿਵੇਂ ਕਰਨੀ ਹੈ ਅਤੇ ਤੁਹਾਡੀ ਵੋਟ ਗਿਣਤੀ ਵਿੱਚ ਕਿਵੇਂ ਲਿਆਉਣੀ ਹੈ ਬਾਰੇ ਸੁਝਾਅ ਹਨ, ਇਹ ਦੱਸਦੀ ਹੈ ਕਿ ਵੋਟ ਪਾਉਣ ਵਾਲੇ ਸਥਾਨ 'ਤੇ ਕੀ ਹੁੰਦਾ ਹੈ ਅਤੇ ਅਕਸਰ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਗਏ ਹਨ।

ਚੋਣਾਂ ਵਾਲੇ ਦਿਨ ਪੂਰੇ ਦੇਸ਼ ਵਿੱਚ ਵੋਟ ਪਾਉਣ ਵਾਲੇ ਸਥਾਨ ਖੁੱਲ੍ਹੇ ਰਹਿਣਗੇ, ਨਾਲ ਹੀ ਭਾਈਚਾਰਿਆਂ ਨੂੰ ਆਪਣੀ ਗੱਲ ਕਹਿਣ ਦੇ ਵਿੱਚ ਸਮਰਥਨ ਕਰਨ ਲਈ ਵੋਟ ਪਾਉਣ ਦੇ ਹੋਰ ਵਿਕਲਪ ਹੋਣਗੇ।

ਤੁਸੀਂ ਭਰੋਸਾ ਰੱਖ ਸਕਦੇ ਹੋ ਕਿ ਅਸੀਂ **ਇਮਾਨਦਾਰੀ** ਨਾਲ ਚੋਣ ਪ੍ਰਕਿਰਿਆ ਪ੍ਰਦਾਨ ਕਰ ਰਹੇ ਹਾਂ, ਪ੍ਰਕਿਰਿਆ ਦੇ ਹਰ ਪੜਾਅ 'ਤੇ ਤੁਹਾਡੀ ਵੋਟ ਸੁਰੱਖਿਅਤ ਕਰ ਰਹੇ ਹਾਂ - ਛਪਾਈ ਤੋਂ ਲੈ ਕੇ ਤੁਹਾਡੇ ਬੈਲਟ ਪੇਪਰਾਂ (ਵੋਟਾਂ) ਦੀ ਗਿਣਤੀ ਤੱਕ।

ਵਿਚਾਰਾਂ ਦਾ ਮਜ਼ਬੂਤ ਆਦਾਨ-ਪ੍ਰਦਾਨ ਚੋਣ ਪ੍ਰਚਾਰ ਦਾ ਇੱਕ ਹਿੱਸਾ ਹੈ, ਅਤੇ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਮਿਲਦੀ ਹੈ ਉਸਨੂੰ ਧਿਆਨ ਨਾਲ ਵਿਚਾਰਨ ਲਈ ਮੈਂ ਤੁਹਾਨੂੰ ਉਤਸ਼ਾਹਿਤ ਕਰਦਾ ਹਾਂ, ਪਰ ਖਾਸ ਤੌਰ 'ਤੇ ਜੋ ਵੀ ਸਾਡੀ ਚੰਗੀ ਤਰ੍ਹਾਂ ਸਥਾਪਿਤ ਚੋਣ ਪ੍ਰਕਿਰਿਆ 'ਤੇ ਸਵਾਲ ਖੜ੍ਹੇ ਕਰਦੀ ਹੈ।

**ਆਪਣੇ ਆਪ ਨੂੰ ਪੁੱਛੋ ਕਿ ਕੀ ਇਹ ਕਿਸੇ ਪਛਾਣਯੋਗ ਅਤੇ ਭਰੋਸੇਮੰਦ ਸਰੋਤ ਤੋਂ ਹੈ।** ਜੇਕਰ ਜਵਾਬ ਨਾਂਹ ਵਿੱਚ ਹੈ, ਤਾਂ ਮੇਰਾ ਸੁਝਾਅ ਹੈ ਕਿ ਸੁਚੇਤ ਰਹੋ।

ਜਦੋਂ ਤੁਸੀਂ ਕਿਸੇ ਵੋਟ ਪਾਉਣ ਵਾਲੇ ਸਥਾਨ 'ਤੇ ਜਾਂਦੇ ਹੋ, ਤਾਂ ਕਿਰਪਾ ਕਰਕੇ ਯਾਦ ਰੱਖੋ ਕਿ ਸਾਡਾ ਸਟਾਫ ਆਸਟ੍ਰੇਲੀਆ ਦੇ ਆਮ ਲੋਕ ਹੁੰਦੇ ਹਨ ਜੋ ਵੋਟਿੰਗ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰਨ ਲਈ ਉੱਥੇ ਹੁੰਦੇ ਹਨ।

ਇਹਨਾਂ ਚੋਣਾਂ ਵਿੱਚ ਤੁਸੀਂ ਆਪਣੀ ਗੱਲ ਕਿਵੇਂ ਰੱਖ ਸਕਦੇ ਹੋ, ਇਸ ਬਾਰੇ ਵਧੇਰੇ ਜਾਣਕਾਰੀ ਲਈ **aec.gov.au** ਤੇ ਜਾਓ।।

**Jeff Pope**
ਕਾਰਜਕਾਰੀ ਚੋਣ ਕਮਿਸ਼ਨਰ

ਵੋਟਰ ਸੂਚੀ ਵਿੱਚ
**97%** ਤੋਂ ਵੱਧ
ਯੋਗ ਵੋਟਰ ਹਨ

**7,000** ਤੋਂ ਵੱਧ
ਵੋਟ ਪਾਉਣ ਦੇ ਸਥਾਨ

**500** ਤੋਂ ਵੱਧ
ਅਗੇਤੀ ਵੋਟ ਪਾਉਣ ਵਾਲੇ ਕੇਂਦਰ

**100,000** ਤੋਂ ਵੱਧ
ਤੋਂ ਵੱਧ ਅਸਥਾਈ ਚੋਣ ਕਰਮਚਾਰੀ

# **ਰੁਕੋ ਅਤੇ ਸੋਚੋ** ਇਹਨਾਂ ਕੇਂਦਰੀ ਚੋਣਾਂ ਦੌਰਾਨ ਸਰੋਤ ਦੀ ਜਾਂਚ ਕਰੋ

ਚੋਣ ਦੇ ਦੌਰਾਨ ਵੱਡੀ ਮਾਤਰਾ ਵਿੱਚ ਜਾਣਕਾਰੀ ਵੰਡੀ ਜਾਂਦੀ ਹੈ, ਜੋ ਤੁਹਾਡੀ ਵੋਟ ਨੂੰ ਪ੍ਰਭਾਵਿਤ ਕਰਨ ਲਈ ਤਿਆਰ ਕੀਤੀ ਗਈ ਹੈ।

ਵੱਖ-ਵੱਖ ਸਰੋਤਾਂ ਤੋਂ ਜਾਣਕਾਰੀ ਲੋਕਤੰਤਰੀ ਪ੍ਰਕਿਰਿਆ ਦਾ ਅਹਿਮ ਹਿੱਸਾ ਹੈ। ਇਹ ਉਮੀਦਵਾਰਾਂ, ਰਾਜਨੀਤਿਕ ਪਾਰਟੀਆਂ ਅਤੇ ਹੋਰਾਂ ਨੂੰ ਵੋਟਰਾਂ ਨਾਲ ਆਪਣੀਆਂ ਨੀਤੀਆਂ ਅਤੇ ਨਿਸ਼ਚਿਆਂ ਨੂੰ ਸਾਂਝੇ ਕਰਨ ਦਾ ਇੱਕ ਤਰੀਕਾ ਪ੍ਰਦਾਨ ਕਰਦੀ ਹੈ।




ਹਾਲਾਂਕਿ, ਕੁਝ ਜਾਣਕਾਰੀ ਜਾਣਬੁੱਝ ਕੇ ਗਲਤ ਜਾਂ ਗੁੰਮਰਾਹ ਕਰਨ ਵਾਲੀ ਹੋ ਸਕਦੀ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਜੋ ਵੇਖਦੇ, ਸੁਣਦੇ ਜਾਂ ਪੜ੍ਹਦੇ ਹੋ ਉਸ ਬਾਰੇ ਵਿਚਾਰ ਕਰੋ।

ਇਹ ਵਿਚਾਰ ਕਰਨ ਲਈ ਸਮਾਂ ਕੱਢੋ:

- ਜਾਣਕਾਰੀ **ਕਿੱਥੋਂ** ਆਈ? ਕੀ ਇਹ ਕਿਸੇ ਭਰੋਸੇਮੰਦ ਮੀਡੀਆ ਆਉਟਲੈਟ ਜਾਂ ਅਧਿਕਾਰਤ ਸੋਸ਼ਲ ਮੀਡੀਆ ਅਕਾਉਂਟ ਤੋਂ ਹੈ?
- ਇਹ **ਕਦੋਂ** ਪ੍ਰਕਾਸ਼ਿਤ ਹੋਈ ਸੀ? ਪੁਰਾਣੀ ਜਾਣਕਾਰੀ ਜੋ ਹੁਣ ਸਹੀ ਨਹੀਂ ਹੈ, ਇਸ ਨੂੰ ਨਵੀਂ ਜਾਣਕਾਰੀ ਵਾਂਗ ਵਿਖਾਉਣ ਲਈ ਫਿਰ ਤੋਂ ਸਾਂਝਾ ਕੀਤਾ ਜਾ ਸਕਦਾ ਹੈ।
- ਜੇ ਤੁਹਾਨੂੰ ਯਕੀਨ ਨਹੀਂ ਹੈ ਤਾਂ **ਜਾਂਚ** ਕਰੋ। ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਵੋਟਿੰਗ ਪ੍ਰਕਿਰਿਆ ਬਾਰੇ ਗਲਤ ਜਾਣਕਾਰੀ ਬਣਾਉਣਾ ਆਸਾਨ ਬਣਾਉਂਦੀ ਹੈ।

ਜੇਕਰ ਤੁਸੀਂ ਫੈਡਰਲ ਚੋਣ ਪ੍ਰਕਿਰਿਆ ਬਾਰੇ ਕੁਝ ਅਜਿਹਾ ਦੇਖਦੇ ਹੋ ਜਿਸ ਬਾਰੇ ਤੁਹਾਨੂੰ ਯਕੀਨ ਨਹੀਂ ਹੈ, ਤਾਂ AEC ਨੂੰ ਪੁੱਛੋ। ਇਹ ਖਾਸ ਤੌਰ 'ਤੇ ਉਸ ਜਾਣਕਾਰੀ ਲਈ ਮਹੱਤਵਪੂਰਨ ਹੈ ਜੋ ਤੁਸੀਂ ਸੋਸ਼ਲ ਮੀਡੀਆ 'ਤੇ ਅਤੇ ਔਨਲਾਈਨ ਦੇਖਦੇ ਹੋ। ਹੋਰ ਜਾਣਕਾਰੀ ਲਈ ਅਤੇ ਮਦਦਗਾਰ ਸੁਝਾਵਾਂ ਵਾਲੇ ਛੋਟੇ ਵੀਡੀਓ ਲਈ **aec.gov.au/stopandconsider** 'ਤੇ ਜਾਓ।

# ਚੋਣਾਂ ਦਾ ਦਿਨ ਸ਼ਨੀਵਾਰ 3 ਮਈ 2025 ਹੈ।

## ਚੋਣ ਕੇਂਦਰ ਸਵੇਰੇ 8 ਵਜੇ ਖੁੱਲ੍ਹਦੇ ਹਨ ਅਤੇ ਸ਼ਾਮ ਪੂਰੇ 6 ਵਜੇ ਬੰਦ ਹੁੰਦੇ ਹਨ।

ਕੇਂਦਰੀ ਸਰਕਾਰ ਦੀ ਚੋਣ ਕਰਵਾਈ ਜਾਂਦੀ ਹੈ ਤਾਂ ਜੋ ਮਤਦਾਤਾ, ਲੋਕ ਸਭਾ ਅਤੇ ਸੈਨੇਟ ਵਿੱਚ ਆਪਣੇ ਵਿਚਾਰਾਂ ਅਤੇ ਹਿੱਤਾਂ ਦੀ ਨੁਮਾਇੰਦਗੀ ਕਰਨ ਲਈ ਸੰਸਦ ਦੇ ਮੈਂਬਰਾਂ ਦੀ ਚੋਣ ਕਰ ਸਕਣ। ਇੱਥੇ ਕੁਝ ਗੱਲਾਂ ਹਨ ਜੋ ਤੁਹਾਨੂੰ ਵੋਟਿੰਗ ਬਾਰੇ ਜਾਣਨ ਦੀ ਲੋੜ ਹੈ।

### ਵੋਟ ਕਿਸ ਨੇ ਪਾਉਣੀ ਹੈ?

18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਆਸਟ੍ਰੇਲੀਆ ਦੇ ਸਾਰੇ ਨਾਗਰਿਕਾਂ ਨੂੰ ਲਾਜ਼ਮੀ ਤੌਰ 'ਤੇ ਕੇਂਦਰੀ ਚੋਣਾਂ ਵਿੱਚ ਨਾਮ ਦਰਜ ਕਰਵਾਉਣਾ ਚਾਹੀਦਾ ਹੈ ਅਤੇ ਵੋਟ ਪਾਉਣੀ ਚਾਹੀਦੀ ਹੈ।

### ਮੈਂ ਵੋਟ ਕਿੱਥੇ ਪਾ ਸਕਦਾ/ਸਕਦੀ ਹਾਂ?

ਤੁਸੀਂ ਚੋਣ ਵਾਲੇ ਦਿਨ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਕਿਸੇ ਵੀ ਚੋਣ ਕੇਂਦਰ 'ਤੇ ਵੋਟ ਪਾ ਸਕਦੇ ਹੋ। ਚੋਣ ਕੇਂਦਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਖੁੱਲ੍ਹੇ ਰਹਿਣਗੇ।

ਚੋਣ ਕੇਂਦਰ ਆਮ ਤੌਰ 'ਤੇ ਸਥਾਨਕ ਸਕੂਲਾਂ, ਚਰਚਾਂ, ਭਾਈਚਾਰਕ (ਕਮਿਊਨਿਟੀ) ਹਾਲਾਂ, ਜਾਂ ਜਨਤਕ ਇਮਾਰਤਾਂ ਵਿੱਚ ਹੁੰਦੇ ਹਨ।

ਆਪਣੇ ਨਜ਼ਦੀਕੀ ਚੋਣ ਕੇਂਦਰ ਨੂੰ ਲੱਭਣ ਲਈ **aec.gov.au/where** 'ਤੇ ਜਾਓ।

### ਜੇ ਮੈਨੂੰ ਸਹਾਇਤਾ ਦੀ ਲੋੜ ਹੈ ਤਾਂ ਕੀ ਹੋਵੇਗਾ?

ਜੇ ਤੁਹਾਨੂੰ ਤੁਰਨ-ਫਿਰਨ ਵਿਚ ਮੁਸ਼ਕਿਲ ਹੈ ਜਾਂ ਅਪਾਹਜਤਾ ਹੈ, ਜਾਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਦੇ ਹੋ ਜਿਸ ਨੂੰ ਇਹ ਮੁਸ਼ਕਿਲ ਹੈ, ਤਾਂ ਤੁਸੀਂ **aec.gov.au/where** 'ਤੇ ਚੋਣ ਕੇਂਦਰਾਂ ਦੇ ਪਹੁੰਚਯੋਗਤਾ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ।

ਜਿਹੜੇ ਵੋਟਰ ਨੇਤਰਹੀਣ ਹਨ ਜਾਂ ਘੱਟ ਨਜ਼ਰ ਵਾਲੇ ਹਨ, ਉਹਨਾਂ ਲਈ ਵੋਟਿੰਗ ਦੇ ਵਿਕਲਪ ਹਨ ਜੋ ਮਦਦ ਕਰ ਸਕਦੇ ਹਨ। **aec.gov.au/assistance** ਤੇ ਜਾਓ ਜਾਂ **13 23 26** 'ਤੇ ਫ਼ੋਨ ਕਰੋ।



### ਜੇਕਰ ਮੈਂ ਕਿਸੇ ਹੋਰ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਚੋਣਾਂ ਵਾਲੇ ਦਿਨ ਕਿਸੇ ਹੋਰ ਰਾਜ ਹੋਵੋਗੇ, ਤਾਂ ਤੁਸੀਂ ਇੱਕ ਨਾਮਜ਼ਦ ਅੰਤਰਰਾਜੀ ਚੋਣ ਕੇਂਦਰ 'ਤੇ ਵੋਟ ਪਾ ਸਕਦੇ ਹੋ, ਜਾਂ ਅਗੇਤੇ ਵੋਟ ਪਾਉਣ ਵਾਲੇ ਵਿਕਲਪਾਂ 'ਤੇ ਵਿਚਾਰ ਕਰ ਸਕਦੇ ਹੋ।

### ਜੇਕਰ ਮੈਂ ਚੋਣਾਂ ਵਾਲੇ ਦਿਨ ਇਹ ਨਾਂ ਕਰ ਸਕਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਚੋਣਾਂ ਵਾਲੇ ਦਿਨ ਕਿਸੇ ਚੋਣ ਕੇਂਦਰ 'ਤੇ ਨਹੀਂ ਪਹੁੰਚ ਸਕਦੇ ਹੋ, ਤਾਂ ਤੁਸੀਂ ਵਿਅਕਤੀਗਤ ਤੌਰ 'ਤੇ ਜਾਂ ਡਾਕ ਰਾਹੀਂ ਅਗੇਤੀ ਵੋਟ ਪਾਉਣ ਦੇ ਯੋਗ ਹੋ ਸਕਦੇ ਹੋ।

#### ਵਿਅਕਤੀਗਤ ਤੌਰ 'ਤੇ ਅਗੇਤੀ ਵੋਟ ਕਿਵੇਂ ਪਾਉਣੀ ਹੈ

ਜੇਕਰ ਤੁਸੀਂ ਯੋਗ ਹੋ, ਤਾਂ ਤੁਸੀਂ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਵੋਟ ਪਾ ਸਕਦੇ ਹੋ। ਅਗੇਤੀ ਵੋਟਾਂ ਵਾਲੇ ਕੇਂਦਰ **ਮੰਗਲਵਾਰ 22 ਅਪ੍ਰੈਲ 2025** ਤੋਂ ਖੁੱਲ੍ਹਣਗੇ। ਖੁੱਲਣ ਦੀਆਂ ਤਰੀਕਾਂ ਅਤੇ ਸਮੇਂ ਵੱਖੋ-ਵੱਖ ਹੁੰਦੇ ਹਨ, ਇਸ ਲਈ ਹਰੇਕ ਕੇਂਦਰ ਦੇ ਵੇਰਵਿਆਂ ਦੀ ਜਾਂਚ ਕਰਨ ਲਈ **aec.gov.au/where** 'ਤੇ ਜਾਓ।

ਅਗੇਤੀ ਵੋਟ ਪਾਉਣ ਬਾਰੇ ਹੋਰ ਜਾਣਕਾਰੀ ਲਈ ਅਤੇ ਯੋਗਤਾ ਲਈ, **aec.gov.au/early** 'ਤੇ ਜਾਓ ਜਾਂ **13 23 26** 'ਤੇ ਫ਼ੋਨ ਕਰੋ।

#### ਡਾਕ ਰਾਹੀਂ ਅਗੇਤੀ ਵੋਟ ਕਿਵੇਂ ਪਾਉਣੀ ਹੈ

ਡਾਕ ਰਾਹੀਂ ਵੋਟ ਪਾਉਣੀ ਯੋਗ ਵੋਟ ਪਾਉਣ ਵਾਲਿਆਂ ਲਈ ਉਪਲਬਧ ਹੈ। ਆਪਣੀ ਯੋਗਤਾ ਦੀ ਜਾਂਚ ਕਰੋ ਅਤੇ **aec.gov.au/pva** 'ਤੇ ਔਨਲਾਈਨ ਅਰਜ਼ੀ ਦਿਓ।

ਅਰਜ਼ੀਆਂ AEC ਨੂੰ **ਬੁੱਧਵਾਰ 30 ਅਪ੍ਰੈਲ 2025 ਸ਼ਾਮ 6** ਵਜੇ ਤੋਂ ਪਹਿਲਾਂ ਪਹੁੰਚ ਜਾਣੀਆਂ ਚਾਹੀਦੀਆਂ ਹਨ।

ਕਿਰਪਾ ਕਰਕੇ **13 23 26** 'ਤੇ ਫ਼ੋਨ ਕਰੋ, ਜੇਕਰ ਤੁਹਾਡੇ ਕੋਲ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ ਅਤੇ ਤੁਸੀਂ ਡਾਕ ਵੋਟ ਲਈ ਅਰਜ਼ੀ ਦੇਣਾ ਚਾਹੁੰਦੇ ਹੋ।

ਤੁਹਾਨੂੰ ਕਿਸੇ ਰਾਜਨੀਤਿਕ ਪਾਰਟੀ ਜਾਂ ਕਿਸੇ ਹੋਰ ਸੰਸਥਾ ਤੋਂ ਡਾਕ ਵੋਟ ਦੀ ਅਰਜ਼ੀ ਭੇਜੀ ਜਾ ਸਕਦੀ ਹੈ। ਤੀਜੀਆਂ ਧਿਰਾਂ ਨੂੰ ਇਹਨਾਂ ਅਰਜ਼ੀਆਂ ਨੂੰ ਘਰਾਂ ਨੂੰ ਭੇਜਣ ਦੀ ਇਜਾਜ਼ਤ ਹੈ, ਪਰ ਤੁਹਾਨੂੰ ਇਹਨਾਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ। ਤੁਸੀਂ ਪੋਸਟਲ ਵੋਟ ਪੈਕ ਲਈ ਸਿੱਧੇ AEC ਨੂੰ ਅਰਜ਼ੀ ਦੇ ਸਕਦੇ ਹੋ।

### ਮੈਂ ਕਿਸ ਚੋਣ ਹਲਕੇ ਵਿੱਚ ਹਾਂ?

ਤੁਸੀਂ ਕਿਸ ਚੋਣ ਹਲਕੇ ਵਿੱਚ ਰਹਿੰਦੇ ਹੋ ਇਹ ਤੁਸੀਂ **aec.gov.au/electorate** 'ਤੇ ਦੇਖ ਸਕਦੇ ਹੋ।

ਤੁਹਾਡੇ ਚੋਣ ਹਲਕੇ ਦਾ ਨਾਮ ਜਾਂ ਹੱਦਾਂ ਮੁੜ ਵੰਡ ਦੇ ਨਤੀਜੇ ਵਜੋਂ ਪਿਛਲੀਆਂ ਕੇਂਦਰੀ ਚੋਣਾਂ ਤੋਂ ਬਾਅਦ ਬਦਲ ਗਈਆਂ ਹੋ ਸਕਦੀਆਂ ਹਨ। ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਕਿਸੇ ਵੱਖਰੇ ਹਲਕੇ ਵਿੱਚ ਵੋਟ ਪਾਉਣ ਦੀ ਲੋੜ ਪੈ ਸਕਦੀ ਹੈ, ਜਾਂ ਤੁਹਾਡਾ ਆਮ ਚੋਣ ਕੇਂਦਰ ਕਿਸੇ ਵੱਖਰੇ ਹਲਕੇ ਵਿੱਚ ਬਦਲਿਆ ਹੋ ਸਕਦਾ ਹੈ।

### ਤੁਸੀਂ ਕਿਸ ਨੂੰ ਵੋਟ ਪਾਉਂਦੇ ਹੋ ਇਹ ਤੁਹਾਡਾ ਫੈਸਲਾ ਹੈ

ਤੁਸੀਂ ਆਪਣੀ ਵੋਟ ਕਿਵੇਂ ਪਾਉਂਦੇ ਹੋ ਇਹ ਸਿਰਫ਼ ਤੁਹਾਡਾ ਫ਼ੈਸਲਾ ਹੈ। ਵੋਟ ਪਾਉਣ ਵਾਲੇ ਸਥਾਨ ਦੇ ਬਾਹਰ, ਉਮੀਦਵਾਰ ਦੇ ਪ੍ਰਤੀਨਿਧੀ ਤੁਹਾਨੂੰ "ਵੋਟ ਕਿਵੇਂ ਪਾਉਣੀ ਹੈ" ਇਹ ਦਰਸਾਉਣ ਲਈ ਕਾਰਡ ਦੇ ਸਕਦੇ ਹਨ, ਜੋ ਤੁਹਾਨੂੰ ਇਕ ਖਾਸ ਤਰੀਕੇ ਨਾਲ ਵੋਟ ਪਾਉਣ ਦਾ ਸੁਝਾਅ ਦਿੰਦਾ ਹੈ। ਤੁਹਾਨੂੰ "ਵੋਟ ਕਿਵੇਂ ਪਾਉਣੀ ਹੈ" ਕਾਰਡਾਂ ਨੂੰ ਸਵੀਕਾਰ ਜਾਂ ਪਾਲਣਾ ਕਰਨ ਦੀ ਲੋੜ ਨਹੀਂ ਹੈ।

ਕੋਈ ਹੋਰ ਸਵਾਲ ਹੈ?
**aec.gov.au/faqs** 'ਤੇ ਜਾਓ

# ਵੋਟ ਪਾਉਣ ਵਾਲੇ ਸਥਾਨ ‘ਤੇ ਕੀ ਹੁੰਦਾ ਹੈ?

ਜਦੋਂ ਤੁਸੀਂ ਕਿਸੇ ਵੋਟ ਪਾਉਣ ਵਾਲੇ ਸਥਾਨ 'ਤੇ ਪਹੁੰਚਦੇ ਹੋ, ਤਾਂ ਇੱਕ ਵੋਟਿੰਗ ਅਧਿਕਾਰੀ ਤੁਹਾਡਾ ਪੂਰਾ ਨਾਮ ਅਤੇ ਪਤਾ ਪੁੱਛੇਗਾ, ਅਤੇ ਪੁੱਛੇਗਾ ਕੀ ਤੁਸੀਂ 2025 ਦੀਆਂ ਚੋਣਾਂ ਵਿੱਚ ਪਹਿਲਾਂ ਵੋਟ ਪਾਈ ਹੈ ਜਾਂ ਨਹੀਂ।

- ਵੋਟਰ ਸੂਚੀ ਵਿੱਚ ਤੁਹਾਡਾ ਨਾਮ ਉੱਤੇ ਨਿਸ਼ਾਨ ਲਗਾ ਦਿੱਤਾ ਜਾਵੇਗਾ।
- ਤੁਹਾਨੂੰ ਲੋਕ ਸਭਾ ਲਈ ਇੱਕ ਬੈਲਟ ਪੇਪਰ (ਵੋਟ) ਅਤੇ ਸੈਨੇਟ ਲਈ ਇੱਕ ਬੈਲਟ ਪੇਪਰ ਦਿੱਤਾ ਜਾਵੇਗਾ।
- ਆਪਣੇ ਬੈਲਟ ਪੇਪਰਾਂ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ ਤਾਂ ਜੋ ਉਹਨਾਂ ਨੂੰ ਸਹੀ ਢੰਗ ਨਾਲ ਪੂਰਾ ਕੀਤਾ ਜਾ ਸਕੇ ਜਾਂ ਕਿਸੇ ਵੋਟਿੰਗ ਅਧਿਕਾਰੀ ਤੋਂ ਮਦਦ ਮੰਗੋ।
- ਇੱਕ ਵਾਰ ਜਦੋਂ ਤੁਸੀਂ ਆਪਣੇ ਬੈਲਟ ਪੇਪਰਾਂ ਨੂੰ ਪੂਰਾ ਕਰ ਲੈਂਦੇ ਹੋ, ਤਾਂ ਉਹਨਾਂ ਨੂੰ ਬੈਲਟ ਬਾਕਸ ਵਿੱਚ ਪਾ ਦਿਓ।
- ਜੇਕਰ ਤੁਸੀਂ AEC ਦੀ ਪੈਨਸਿਲ ਦੀ ਵਰਤੋਂ ਕੀਤੀ ਹੈ, ਤਾਂ ਇਸ ਨੂੰ ਬਾਹਰ ਜਾਂਦੇ ਸਮੇਂ ਬਕਸੇ ਵਿੱਚ ਰੱਖੋ।

ਸਵੱਛਤਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਹੈਂਡ ਸੈਨੀਟਾਈਜ਼ਰ ਪ੍ਰਦਾਨ ਕੀਤੇ ਜਾਣਗੇ।

**ਸਾਡਾ ਸਟਾਫ ਤੁਹਾਡੀ ਮਦਦ ਕਰਨ ਲਈ ਮੌਜੂਦ ਹੈ।**
ਕਿਰਪਾ ਕਰਕੇ ਸਤਿਕਾਰ ਕਰੋ।





# ਤੁਸੀਂ ਆਪਣੀ ਵੋਟ ਨੂੰ ਗਿਣਤੀ ਵਿੱਚ ਕਿਵੇਂ ਪਾਉਣਾ ਹੈ

ਤੁਹਾਨੂੰ ਦੋ ਬੈਲਟ ਪੇਪਰ ਮਿਲਣਗੇ: ਲੋਕ ਸਭਾ ਦੀ ਚੋਣ ਲਈ ਇੱਕ ਛੋਟਾ ਹਰਾ ਅਤੇ ਸੈਨੇਟ ਲਈ ਇੱਕ ਵੱਡਾ ਚਿੱਟਾ। **ਤੁਹਾਨੂੰ ਦੋਨਾਂ ਬੈਲਟ ਪੇਪਰਾਂ ਨੂੰ ਪੂਰਾ ਕਰਨ ਦੀ ਲੋੜ ਹੈ।** ਹਰੇ ਬੈਲਟ ਪੇਪਰ ‘ਤੇ, ਤੁਸੀਂ ਲੋਕ ਸਭਾ ਵਿੱਚ ਆਪਣੇ ਸਥਾਨਕ ਖੇਤਰ ਜਾਂ ਹਲਕੇ ਦੇ ਪ੍ਰਤੀਨਿਧੀ ਲਈ ਵੋਟ ਪਾ ਰਹੇ ਹੋ। ਚਿੱਟੇ ਬੈਲਟ ਪੇਪਰ ‘ਤੇ, ਤੁਸੀਂ ਸੈਨੇਟ ਵਿੱਚ ਆਪਣੇ ਰਾਜ ਜਾਂ ਖੇਤਰ ਦੇ ਪ੍ਰਤੀਨਿਧਾਂ ਲਈ ਵੋਟ ਪਾ ਰਹੇ ਹੋ।

## ਲੋਕ ਸਭਾ

ਹਰੇ ਬੈਲਟ ਪੇਪਰ ‘ਤੇ, **ਹਰ ਡੱਬੇ ਵਿੱਚ** ਆਪਣੀ ਪਸੰਦ ਦੇ ਤਰਤੀਬ ਵਿੱਚ **ਨੰਬਰ ਭਰੋ।** ਉਸ ਉਮੀਦਵਾਰ ਦੇ ਬਕਸੇ ਵਿੱਚ ਨੰਬਰ ‘1’ ਪਾਓ ਜੋ ਤੁਹਾਡੀ ਪਹਿਲੀ ਪਸੰਦ ਹੈ, ਤੁਹਾਡੀ ਦੂਜੀ ਪਸੰਦ ਲਈ ‘2’ ਅਤੇ ਇਸ ਤਰ੍ਹਾਂ ਹੀ ਨੰਬਰ ਭਰਦੇ ਰਹੋ ਜਦੋਂ ਤੱਕ ਤੁਸੀਂ ਸਾਰੇ ਬਕਸਿਆਂ ਵਿੱਚ ਨੰਬਰ ਨਹੀਂ ਭਰ ਦਿੰਦੇ ਹੋ।


House of Representatives
Ballot Paper
OFFICIAL USE ONLY

State
Electoral Division of Division Name

**Number the boxes from 1 to 8 in the order of your choice**

| | | |
|---|---|---|
| | 2 | SURNAME, Given Names<br>INDEPENDENT |
| LOGO | 3 | SURNAME, Given Names<br>PARTY |
| LOGO | 7 | SURNAME, Given Names<br>PARTY |
| LOGO | 8 | SURNAME, Given Names<br>PARTY |
| LOGO | 1 | SURNAME, Given Names<br>PARTY |
| | 5 | SURNAME, Given Names<br>PARTY |
| LOGO | 6 | SURNAME, Given Names<br>PARTY |
| LOGO | 4 | SURNAME, Given Names<br>PARTY |

Remember... number every box to make your v... ...nt

SAMPLE

ਬੈਲਟ ਪੇਪਰ (ਵੋਟ) ਦਾ ਨਮੂਨਾ

ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਏ ਈ ਸੀ ਦੀ ਵੈੱਬਸਾਈਟ 'ਤੇ ਵੋਟ ਪਾਉਣ ਦਾ ਅਭਿਆਸ ਕਰ ਸਕਦੇ ਹੋ? **aec.gov.au/practise** 'ਤੇ ਜਾਓ

## ਸੈਨੇਟ


ਚਿੱਟੇ ਬੈਲਟ ਪੇਪਰ 'ਤੇ ਤੁਹਾਡੇ ਕੋਲ ਵੋਟ ਪਾਉਣ ਦੇ ਦੋ ਵੱਖਰੇ ਤਰੀਕੇ ਹਨ:

**ਜਾਂ ਤਾਂ**

### ਲਾਈਨ ਦੇ ਉੱਪਰ

ਜੇ ਤੁਸੀਂ ਲਾਈਨ ਤੋਂ ਉੱਪਰ ਵੋਟ ਪਾਉਂਦੇ ਹੋ, ਤਾਂ ਤੁਹਾਨੂੰ **ਘੱਟੋ ਘੱਟ 6 ਡੱਬਿਆਂ** ਵਿੱਚ ਨੰਬਰ ਲਿਖਣੇ ਪੈਣਗੇ।

ਉਸ ਪਾਰਟੀ ਜਾਂ ਸਮੂਹ ਦੇ ਡੱਬੇ ਵਿਚ ਇੱਕ ਨੰਬਰ '1' ਭਰੋ ਜੋ ਤੁਹਾਡੀ ਪਹਿਲੀ ਪਸੰਦ ਹੈ, ਆਪਣੀ ਦੂਜੀ ਪਸੰਦ ਦੇ ਡੱਬੇ ਵਿਚ '2' ਅਤੇ ਇਸ ਤਰ੍ਹਾਂ ਉਦੋਂ ਤੱਕ ਜਾਰੀ ਰੱਖੋ, ਜਦੋਂ ਤਕ ਤੁਸੀਂ ਘੱਟੋ ਘੱਟ 6 ਡੱਬਿਆਂ ਵਿੱਚ ਨੰਬਰ ਨਹੀਂ ਲਿਖ ਦੇਂਦੇ। ਤੁਸੀਂ ਆਪਣੀ ਲਾਈਨ ਦੇ ਉਪਰਲੇ ਜਿੰਨੇ ਮਰਜ਼ੀ ਡੱਬਿਆਂ ਵਿੱਚ ਆਪਣੀ ਪਸੰਦ ਦੇ ਕ੍ਰਮ ਵਿੱਚ ਨੰਬਰ ਲਿਖਣਾ ਜਾਰੀ ਰੱਖ ਸਕਦੇ ਹੋ।





ਬੈਲਟ ਪੇਪਰ (ਵੋਟ) ਦਾ ਨਮੂਨਾ

**ਜਾਂ**

### ਲਾਈਨ ਦੇ ਹੇਠਾਂ

ਜੇਕਰ ਤੁਸੀਂ ਲਾਈਨ ਤੋਂ ਹੇਠਾਂ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਪਸੰਦ ਦੇ ਕ੍ਰਮ ਵਿੱਚ ਵਿਅਕਤੀਗਤ ਉਮੀਦਵਾਰਾਂ ਲਈ **ਘੱਟੋ-ਘੱਟ 12 ਡੱਬਿਆਂ** ਵਿੱਚ, 1 ਤੋਂ 12 ਤੱਕ ਨੰਬਰ ਲਿਖਣ ਦੀ ਲੋੜ ਹੈ। ਤੁਸੀਂ ਲਾਈਨ ਦੇ ਹੇਠਾਂ ਜਿੰਨੇ ਮਰਜ਼ੀ ਡੱਬਿਆਂ ਵਿੱਚ ਆਪਣੀ ਪਸੰਦ ਦੇ ਤਰਤੀਬ ਵਿੱਚ ਨੰਬਰ ਲਿਖਣਾ ਜਾਰੀ ਰੱਖ ਸਕਦੇ ਹੋ।




ਬੈਲਟ ਪੇਪਰ (ਵੋਟ) ਦਾ ਨਮੂਨਾ

**ਜੇ ਤੁਸੀਂ ਕੋਈ ਗਲਤੀ ਕਰ ਲੈਂਦੇ ਹੋ ਤਾਂ ਚਿੰਤਾ ਨਾ ਕਰੋ।**

ਤੁਸੀਂ ਇਕ ਹੋਰ ਬੈਲਟ ਪੇਪਰ ਮੰਗ ਸਕਦੇ ਹੋ ਅਤੇ ਦੁਬਾਰਾ ਤੋਂ ਸ਼ੁਰੂ ਕਰ ਸਕਦੇ ਹੋ।

# **ਤੁਹਾਡੀ ਅਧਿਕਾਰਤ ਗਾਈਡ** 2025 ਕੇਂਦਰੀ ਚੋਣਾਂ ਲਈ

## **ਸ਼ਨੀਵਾਰ 3 ਮਈ 2025**

# ਇਸ ਗਾਈਡ ਦੇ **ਵਿਕਲਪਿਕ ਸਰੂਪ**

### ਪਹੁੰਚਯੋਗ ਜਾਣਕਾਰੀ

ਜਿਹੜੇ ਵੋਟਰ ਨੇਤਰਹੀਣ ਹਨ ਜਾਂ ਘੱਟ ਨਜ਼ਰ ਵਾਲੇ ਹਨ, ਉਹਨਾਂ ਲਈ ਇਹ ਅਧਿਕਾਰਤ ਗਾਈਡ AEC ਦੀ ਵੈੱਬਸਾਈਟ 'ਤੇ ਵੱਡੇ ਪ੍ਰਿੰਟ, ਈ-ਟੈਕਸਟ ਅਤੇ ਆਡੀਓ ਫਾਈਲਾਂ ਦੇ ਰੂਪ ਵਿੱਚ **aec.gov.au/assistance** 'ਤੇ ਉਪਲਬਧ ਹੈ।

ਇਨ੍ਹਾਂ ਸਰੂਪਾਂ ਦੇ ਨਾਲ-ਨਾਲ ਬਰੇਲ (ਨੇਤਰਹੀਣ ਵੋਟਰਾਂ ਲਈ) ਮੰਗਵਾਉਣ ਲਈ ਵੀ **13 23 26** 'ਤੇ ਫ਼ੋਨ ਕਰਕੇ ਬੇਨਤੀ ਕੀਤੀ ਜਾ ਸਕਦੀ ਹੈ।

ਜੇਕਰ ਤੁਸੀਂ ਬੋਲ਼ੇ ਹੋ ਜਾਂ ਸੁਣਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਨੈਸ਼ਨਲ ਰੀਲੇਅ ਸਰਵਿਸ (ਐਨ ਆਰ ਐਸ) ਰਾਹੀਂ ਸਾਡੇ ਨਾਲ ਸੰਪਰਕ ਕਰੋ। ਆਪਣੇ ਪਸੰਦੀਦਾ ਫ਼ੋਨ ਚੈਨਲ ਦੀ ਵਰਤੋਂ ਕਰੋ ਅਤੇ ਐਨ ਆਰ ਐਸ ਨੂੰ ਸਾਡਾ ਨੰਬਰ **13 23 26** ਦਿਓ।

ਔਸਲਾਨ ਦੁਭਾਸ਼ੀਆ ਸੇਵਾਵਾਂ ਵੀ ਉਪਲਬਧ ਹੋਣਗੀਆਂ। ਹੋਰ ਜਾਨਣ ਲਈ AEC ਦੀ ਵੈੱਬਸਾਈਟ 'ਤੇ ਜਾਓ।

### ਹੋਰ ਭਾਸ਼ਾਵਾਂ ਵਿੱਚ ਜਾਣਕਾਰੀ

ਇਸ ਗਾਈਡ ਦੇ 34 ਭਾਸ਼ਾਵਾਂ ਵਿੱਚ ਅਨੁਵਾਦਿਤ ਸੰਸਕਰਣਾਂ ਨੂੰ **aec.gov.au/translated** ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਟੈਲੀਫੋਨ ਦੁਭਾਸ਼ੀਏ ਸੇਵਾਵਾਂ ਵੀ ਉਪਲਬਧ ਹਨ। ਵੋਟਿੰਗ ਅਤੇ ਚੋਣਾਂ ਬਾਰੇ ਪੰਜਾਬੀ ਵਿੱਚ ਜਾਣਕਾਰੀ ਲਈ **1300 720 153** 'ਤੇ ਫ਼ੋਨ ਕਰੋ।




18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਆਸਟ੍ਰੇਲੀਆ ਦੇ ਨਾਗਰਿਕਾਂ ਲਈ ਵੋਟ ਪਾਉਣਾ ਲਾਜ਼ਮੀ ਹੈ। ਜੇਕਰ ਤੁਸੀਂ ਵੋਟ ਨਹੀਂ ਪਾਉਂਦੇ, ਤਾਂ ਤੁਹਾਡੇ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇੱਕ ਤੋਂ ਵੱਧ ਵਾਰ ਵੋਟ ਪਾਉਣਾ ਦੰਡਯੋਗ ਅਪਰਾਧ ਹੈ।



**ਇਲੈਕਟੋਰਲ ਕਮਿਸ਼ਨਰ,** 10 Mort Street, **ਕੈਨਬਰਾ ਦੁਆਰਾ ਅਧਿਕਾਰਤ**
Authorised by the Electoral Commissioner, 10 Mort Street, Canberra